Roll No. ..................

[Total No. of Printed Pages : 8

Total No. of Questions : 27]

**SS**

**2087**

**ਸਲਾਨਾ ਪਰੀਖਿਆ ਪ੍ਰਨਾਲੀ**

# POLITICAL SCIENCE

**(Punjabi, Hindi and English Versions)**

**(Evening Session)**

Time allowed : Three hours

Maximum marks : 90

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **031** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਦੇ ਚਾਰ ਮੁੱਖ ਭਾਗ **ੳ, ਅ, ੲ, ਸ** ਹੋਣਗੇ ਇਹਨਾਂ ਵਿੱਚ ਪ੍ਰਸ਼ਨਾਂ ਦੀ ਕੁੱਲ ਗਿਣਤੀ 27 ਹੋਵੇਗੀ । **ਵਿਦਿਆਰਥੀ ਨੇ 25 ਪ੍ਰਸ਼ਨ ਕਰਨੇ ਹਨ ।**

(v) **ਭਾਗ–ੳ** ਵਿੱਚ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ ਪ੍ਰਸ਼ਨ *1* ਦੇ ਅੰਤਰਗਤ **ਦੱਸ** ਭਾਗ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਉੱਤਰ ਇੱਕ ਅੱਖਰ, ਇੱਕ ਲਾਈਨ, ਖਾਲੀ ਥਾਂ ਜਾਂ ਠੀਕ/ਗਲਤ ਜਾਂ ਬਹੁ ਵਿਕਲਪੀ ਉੱਤਰ ਹੋ ਸਕਦਾ ਹੈ । 10×1=10

(vi) **ਭਾਗ–ਅ** ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ 12 ਪ੍ਰਸ਼ਨ ਹੋਣਗੇ (ਲੜੀ ਨੰ *2 to 13*) ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 20-30 ਸ਼ਬਦਾਂ ਦਾ ਹੋ ਸਕਦਾ ਹੈ । ਸਾਰੇ ਪ੍ਰਸ਼ਨ ਜ਼ਰੂਰੀ ਹਨ । 12×2=24

(vii) **ਭਾਗ–ੲ** ਛੋਟੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਵਿੱਚ (*14* ਤੋਂ *23*) ਤਕ ਦਸ ਪ੍ਰਸ਼ਨ ਹੋਣਗੇ । ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਵਿਦਿਆਰਥੀ ਨੇ ਕੋਈ 8 ਪ੍ਰਸ਼ਨ ਕਰਨੇ ਹਨ । ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਹੋ ਸਕਦਾ ਹੈ । 8×4=32

(viii) **ਭਾਗ–ਸ** ਲੰਮੇ ਉੱਤਰਾਂ ਵਾਲੇ ਪ੍ਰਸ਼ਨ : ਇਸ ਭਾਗ ਅਧੀਨ 4 ਪ੍ਰਸ਼ਨ (*24* ਤੋਂ *27*) ਅੰਦਰੂਨੀ ਵਿਕਲਪ ਦੇ ਹੋਣਗੇ । ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ । ਵਿਦਿਆਰਥੀ ਨੇ 150-200 ਸ਼ਬਦਾਂ ਵਿੱਚ ਉੱਤਰ ਦੇਣਾ ਹੋਵੇਗਾ । 6×4=24

### ਭਾਗ–ੳ

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।

**1.** (ੳ) ਰਾਜਨੀਤਿਕ ਪ੍ਰਣਾਲੀ ਦੀ ਕੋਈ ਇੱਕ ਪਰਿਭਾਸ਼ਾ ਲਿਖੋ । 1

(ਅ) ਰਾਜਨੀਤਿਕ ਸਮਾਜੀਕਰਨ ਦੇ ਕੋਈ ਦੋ ਸਾਧਨ ਲਿਖੋ । 1

(ੲ) ਚੋਣ ਮੰਡਲ ਕੀ ਹੁੰਦਾ ਹੈ ? 1

(ਸ) ਦੋ-ਦਲ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ? 1

(ਹ) ਨੌਕਰਸ਼ਾਹੀ ਦਾ ਦੂਸਰਾ ਨਾਂ ................ ਹੈ । 1

[Turn over

(ਕ) ਭਾਰਤੀ ਸੰਵਿਧਾਨ ਦੀ ਕਿਸ ਅਨੁਸੂਚੀ ਦੁਆਰਾ ਪੰਚਾਇਤੀ ਰਾਜ ਦੀਆਂ ਸੰਸਥਾਵਾਂ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆ ਹਨ :

(i) 8ਵੀਂ ਅਨੁਸੂਚੀ (ii) 9ਵੀਂ ਅਨੁਸੂਚੀ

(iii) 10ਵੀਂ ਅਨੁਸੂਚੀ (iv) 11ਵੀਂ ਅਨੁਸੂਚੀ 1

(ਖ) ਮਤਦਾਤਾ ਸੂਚੀਆਂ ਤਿਆਰ ਕਰਦਾ ਹੈ

(i) ਚੋਣ ਕਮਿਸ਼ਨ (ii) ਸੰਸਦ

(iii) ਲੋਕ ਸਭਾ (iv) ਭਾਰਤ ਦਾ ਉਪ ਰਾਸ਼ਟਰਪਤੀ 1

(ਗ) ਭਾਰਤ ਸੰਯੁਕਤ ਰਾਸ਼ਟਰ ਦਾ ਕਿਹੜਾ ਮੈਂਬਰ ਹੈ :

(i) ਚੁਣਿਆ ਹੋਇਆ ਮੈਂਬਰ (ii) ਨਿਯੁਕਤ ਕੀਤਾ ਮੈਂਬਰ

(iii) ਮੌਲਿਕ ਮੈਂਬਰ (iv) ਨਾਮਜ਼ਦ ਮੈਂਬਰ 1

(ਘ) ਰਾਸ਼ਟਰੀ ਏਕੀਕਰਨ ਪਰਿਸ਼ਦ ਦੀ ਸਥਾਪਨਾ (1962) ਵਿੱਚ ਹੋਈ ਸੀ । (ਠੀਕ/ਗਲਤ) 1

(ਙ) ਗ੍ਰਾਮ ਪੰਚਾਇਤ ਵਿੱਚ ਔਰਤਾਂ ਲਈ ਸੀਟਾਂ ਦਾ ਰਾਖਵਾਂਕਰਨ ਨਹੀਂ ਹੈ । (ਠੀਕ/ਗਲਤ) 1

1×10=10

## ਭਾਗ–ਅ

*ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।*

**2.** 'ਰਾਜਨੀਤੀ ਵਿੱਚ ਮਨੁੱਖੀ ਸੁਭਾਅ' (Human Nature in Politics) ਨਾਂ ਕੀ ਪੁਸਤਕ ਕਿਸ ਵਿਦਵਾਨ ਨੇ ਲਿਖੀ । 2

**3.** ਤੁਲਨਾਤਮਕ ਰਾਜਨੀਤੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2

**4.** ਕਾਰਲ ਮਾਰਕਸ ਦੇ ਧਰਮ ਸੰਬੰਧੀ ਵਿਚਾਰਾਂ ਬਾਰੇ ਦੱਸੋ । 2

**5.** ਬਹੁ-ਦਲ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ? 2

**6.** ਪੇਸ਼ੇਵਰ ਪ੍ਰਤੀਨਿਧਤਾ ਤੋਂ ਤੁਹਾਡਾ ਕੀ ਭਾਵ ਹੈ ? 2

**7.** ਸਥਾਈ ਕਾਰਜਪਾਲਿਕਾ ਤੋਂ ਤੁਹਾਡਾ ਕੀ ਭਾਵ ਹੈ ? 2

**8.** ਭਾਰਤੀ ਸੰਸਦੀ ਪ੍ਰਣਾਲੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2

**9.** ਅਨਪੜ੍ਹਤਾ ਦੇ ਭਾਰਤੀ ਲੋਕਤੰਤਰ ਤੇ ਕੋਈ ਦੋ ਪ੍ਰਭਾਵ ਲਿਖੋ । 2

**10.** ਪੰਚਾਇਤੀ ਰਾਜ ਦੇ ਦੋ ਮੁੱਖ ਉਦੇਸ਼ ਲਿਖੋ । 2

**11.** ਰਾਜਨੀਤੀ ਵਿੱਚ ਯੁਵਕ ਸ਼ਕਤੀ ਦੇ ਉਭਾਰ ਤੋਂ ਤੁਹਾਡਾ ਕੀ ਭਾਵ ਹੈ ? 2

**12.** ਜਨ-ਸਹਿਭਾਗਤਾ ਤੋਂ ਤੁਹਾਡਾ ਕੀ ਭਾਵ ਹੈ ? 2

**13.** ਸੰਯੁਕਤ ਰਾਸ਼ਟਰ ਦੇ 4 ਅੰਗਾਂ ਦੇ ਨਾਂ ਲਿਖੋ । 2

12×2=24

## ਭਾਗ–ੲ

*ਨੋਟ : ਕੋਈ 8 ਪ੍ਰਸ਼ਨ ਕਰਨੇ ਹਨ ।*

**14.** ਕਾਨੂੰਨ ਦੀ ਦਬਾਉਕਾਰੀ ਸ਼ਕਤੀ ਤੋਂ ਤੁਹਾਡਾ ਕੀ ਭਾਵ ਹੈ ? 4

15. ਨੌਕਰਸ਼ਾਹੀ ਦੇ ਸ਼ਬਦੀ ਅਰਥਾਂ ਦਾ ਵਰਨਣ ਕਰੋ । 4

16. ਬਾਲਗ ਮਤ ਅਧਿਕਾਰ (Adult Franchise) ਤੋਂ ਤੁਹਾਡਾ ਕੀ ਭਾਵ ਹੈ ? 4

17. ਗਾਂਧੀ ਜੀ ਰਾਜ ਨੂੰ ਆਤਮਹੀਣ ਯੰਤਰ ਕਿਉਂ ਮੰਨਦੇ ਸਨ ? 4

18. ਮਾਰਕਸਵਾਦ ਕੀ ਹੈ ? ਵਰਨਣ ਕਰੋ । 4

19. ਸਮੂਹਿਕ ਜ਼ਿੰਮੇਵਾਰੀ ਤੋਂ ਤੁਹਾਡਾ ਕੀ ਭਾਵ ਹੈ ? 4

20. ਭਾਰਤੀ ਲੋਕਤੰਤਰ ਦੀਆਂ ਕੋਈ ਚਾਰ ਸਮੱਸਿਆਵਾਂ ਦਾ ਵਰਨਣ ਕਰੋ । 4

21. ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਭਾਰਤੀ ਜਨਤਾ ਪਾਰਟੀ ਦੀ ਕੀ ਨੀਤੀ ਹੈ ? 4

22. ਭਾਰਤ ਵਿੱਚ ਘੱਟ ਜਨ ਸਹਿਭਾਗਤਾ ਦੇ ਚਾਰ ਕਾਰਨਾਂ ਦਾ ਵਰਨਣ ਕਰੋ । 4

23. ਵਿਦੇਸ਼ੀ ਨੀਤੀ ਤੋਂ ਤੁਹਾਡਾ ਕੀ ਭਾਵ ਹੈ ? 4

8×4=32

## ਭਾਗ–ਸ

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।

24. ਰਾਜਨੀਤਿਕ ਪ੍ਰਣਾਲੀ ਦੀ ਪਰਿਭਾਸ਼ਾ ਲਿਖੋ ਅਤੇ ਆਲਮੰਡ ਅਨੁਸਾਰ ਰਾਜਨੀਤਿਕ ਪ੍ਰਣਾਲੀ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2+4=6

ਜਾਂ

ਸੱਤਿਆਗ੍ਰਹਿ ਤੋਂ ਕੀ ਭਾਵ ਹੈ ? ਗਾਂਧੀ ਜੀ ਦੇ ਸੱਤਿਆਗ੍ਰਹਿ ਦੀਆਂ ਕੋਈ 4 ਵਿਧੀਆਂ ਦਾ ਵਰਨਣ ਕਰੋ । 2+4=6

25. ਪੁਰਾਤਨ ਉਦਾਰਵਾਦ ਅਤੇ ਸਮਕਾਲੀ ਉਦਾਰਵਾਦ ਵਿੱਚ ਕੋਈ 6 ਅੰਤਰਾਂ ਦਾ ਵਰਨਣ ਕਰੋ । 6

ਜਾਂ

ਨੌਕਰਸ਼ਾਹੀ ਦੀ ਪਰਿਭਾਸ਼ਾ ਦਿਉ ਅਤੇ ਇਸਦੀਆਂ ਕੋਈ 4 ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2+4=6

26. ਭਾਰਤੀ ਲੋਕਤੰਤਰ ਵਿੱਚ ਅਨੇਕਾਂ ਦੋਸ਼ ਹਨ । ਕੋਈ 6 ਦੋਸ਼ਾਂ ਦਾ ਵਰਨਣ ਕਰੋ । 6

ਜਾਂ

ਨਵੀਂ ਪੰਚਾਇਤੀ ਰਾਜ ਪ੍ਰਣਾਲੀ ਸੰਬੰਧੀ 73ਵੀਂ ਸੰਵਿਧਾਨਕ ਸੋਧ ਦੁਆਰਾ ਭਾਰਤੀ ਸੰਵਿਧਾਨ ਵਿੱਚ ਕੀਤੀਆਂ ਗਈਆਂ ਕੋਈ 6 ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 6

27. ਮਤਦਾਨ ਵਿਹਾਰ ਤੋਂ ਕੀ ਭਾਵ ਹੈ ? ਮਤਦਾਨ ਵਿਹਾਰ ਨੂੰ ਪ੍ਰਭਾਵਿਤ ਜਾਂ ਨਿਸ਼ਚਤ ਕਰਨ ਵਾਲੇ ਕੋਈ 4 ਤੱਤਾਂ ਦਾ ਵਰਨਣ ਕਰੋ । 2+4=6

ਜਾਂ

ਰਾਸ਼ਟਰੀ ਏਕੀਕਰਨ ਤੋਂ ਕੀ ਭਾਵ ਹੈ ? ਭਾਰਤ ਵਿੱਚ ਰਾਸ਼ਟਰੀ ਏਕੀਕਰਨ ਦੇ ਰਸਤੇ ਵਿੱਚ ਆਉਣ ਵਾਲੀਆਂ ਕੋਈ 4 ਰੁਕਾਵਟਾਂ ਦਾ ਵਰਨਣ ਕਰੋ । 2+4=6

4×6=24